## ਖੁੱਲਣ ਦਾ ਸਮਾਂ

**ਸਤੰਬਰ ਤੋਂ ਅਪ੍ਰੈਲ**
ਸਵੇਰੇ 9 ਵਜੇ ਤੋਂ ਸ਼ਾਮ 5 ਵਜੇ, ਸੋਮਵਾਰ ਤੋਂ ਸ਼ੁੱਕਰਵਾਰ
ਗਾਈਡਡ ਟੂਰ ਸਿਰਫ਼ ਰਿਜ਼ਰਵੇਸ਼ਨ ਦੁਆਰਾ ਉਪਲਬਧ ਹਨ

**ਮਈ ਤੋਂ ਅਗਸਤ**
ਵੀਕਐਂਡ ਅਤੇ ਛੁੱਟੀਆਂ ਸਮੇਤ ਰੋਜ਼ਾਨਾ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ।
ਦਿਨ ਭਰ ਗਾਈਡਡ ਟੂਰ ਪੇਸ਼ ਕੀਤੇ ਜਾਂਦੇ ਹਨ।

ਰਿਮੋਟ ਟੂਰ ਵੀ ਉਪਲਬਧ ਹਨ

## ਸਾਡੇ ਨਾਲ ਸੰਪਰਕ ਕਰੋ


**ਟੂਰ ਜਾਣਕਾਰੀ ਅਤੇ ਰਿਜ਼ਰਵੇਸ਼ਨ**
**ਈਮੇਲ :** tour-visite@scc.csc.ca
**ਫੋਨ:** 613-995-5361
**ਟੋਲ ਫ੍ਰੀ:** 1-866-360-1522

**ਆਮ ਪੁੱਛਗਿੱਛ**
**ਈਮੇਲ :** reception@scc-csc.ca
**ਫੋਨ:** 1-888-551-1185

The Supreme Court of Canada
301 Wellington Street
Ottawa ON, K1A 0J1


## ਜੁੜੇ ਰਹੋ!

scc-csc.ca

## ਇਤਿਹਾਸ

ਕੈਨੇਡਾ ਦੀ ਸੁਪਰੀਮ ਕੋਰਟ ਦੀ ਸਥਾਪਨਾ 1875 ਵਿੱਚ ਕੀਤੀ ਗਈ ਸੀ, ਮੌਜੂਦਾ ਕੈਨੇਡਾ ਵਿੱਚ ਮੁਢਲੀਆਂ ਅਦਾਲਤਾਂ ਦੇ ਸ਼ੁਰੂ ਹੋਣ ਤੋਂ 100 ਸਾਲਾਂ ਬਾਅਦ। ਅੱਜ, ਇਹ ਅਦਾਲਤ ਕੈਨੇਡੀਅਨ ਨਿਆਂ ਪ੍ਰਣਾਲੀ ਵਿੱਚ ਅਪੀਲ ਦੀ ਅੰਤਿਮ ਅਦਾਲਤ ਹੈ।

ਅਦਾਲਤ ਉਦੋਂ ਤੱਕ ਪਾਰਲੀਮੈਂਟ ਬਿਲਡਿੰਗ ਵਿੱਚ ਰਹੀ ਜਦੋਂ ਤੱਕ ਇਹ ਪਾਰਲੀਮੈਂਟ ਹਿੱਲ ਦੇ ਹੇਠਾਂ ਆਪਣੀ ਛੋਟੀ ਦੋ ਮੰਜ਼ਿਲਾ ਇਮਾਰਤ ਵਿੱਚ ਨਹੀਂ ਚਲੀ ਗਈ, ਜਿਹੜਾ ਕਿ 1882 ਤੋਂ 1946 ਤੱਕ ਦਾ ਸਮਾਂ ਸੀ। ਅੱਜ, ਬੈਂਕ ਅਤੇ ਵੈਲਿੰਗਟਨ ਸਟ੍ਰੀਟਾਂ ਦੇ ਕੋਨੇ 'ਤੇ ਇੱਕ ਤਖ਼ਤੀ ਲੱਗੀ ਹੈ ਜਿੱਥੇ ਇਹ ਇਮਾਰਤ ਹੋਇਆ ਕਰਦੀ ਸੀ। ਮੌਜੂਦਾ ਕੋਰਟ ਦੀ ਇਮਾਰਤ ਦਾ ਨਿਰਮਾਣ 1939 ਵਿੱਚ ਸ਼ੁਰੂ ਹੋਇਆ ਸੀ। ਅਦਾਲਤ ਨੇ ਦੂਜੇ ਵਿਸ਼ਵ ਯੁੱਧ ਕਾਰਨ ਹੋਈ ਦੇਰੀ ਕਾਰਨ ਜਨਵਰੀ 1946 ਵਿਚ ਆਪਣੀ ਨਵੀਂ ਇਮਾਰਤ ਦਾ ਕਬਜ਼ਾ ਲਿਆ ਅਤੇ 5 ਫਰਵਰੀ, 1946 ਨੂੰ ਉਥੇ ਆਪਣੇ ਪਹਿਲੇ ਕੇਸ ਦੀ ਸੁਣਵਾਈ ਕੀਤੀ।

ਅਦਾਲਤ ਮੁਢ ਵਿੱਚ ਛੇ ਜੱਜਾਂ ਤੇ ਅਧਾਰਤ ਸੀ। 1927 ਵਿੱਚ, ਸੁਪਰੀਮ ਕੋਰਟ ਦੇ ਜੱਜਾਂ ਦੀ ਗਿਣਤੀ ਵਧਾ ਕੇ ਸੱਤ ਕਰ ਦਿੱਤੀ ਗਈ ਸੀ, ਅਤੇ 1949 ਵਿੱਚ ਅਦਾਲਤ ਆਪਣੇ ਮੌਜੂਦਾ ਕੁੱਲ ਨੌਂ ਮੈਂਬਰਾਂ ਤੱਕ ਪਹੁੰਚ ਗਈ ਸੀ। ਨੌਂ ਜੱਜਾਂ ਵਿੱਚੋਂ, ਸੁਪਰੀਮ ਕੋਰਟ ਐਕਟ ਅਨੁਸਾਰ ਤਿੰਨ ਦੀ ਨਿਯੁਕਤੀ ਕਿਊਬਿਕ ਤੋਂ ਹੋਣੀ ਚਾਹੀਦੀ ਹੈ। ਰਵਾਇਤੀ ਤੌਰ 'ਤੇ, ਗਵਰਨਰ ਇਨ ਕੌਂਸਲ ਓਨਟਾਰੀਓ ਤੋਂ ਤਿੰਨ ਜੱਜਾਂ ਦੀ ਨਿਯੁਕਤੀ ਕਰਦਾ ਹੈ, ਦੋ ਪੱਛਮੀ ਪ੍ਰਾਂਤਾਂ ਜਾਂ ਉੱਤਰੀ ਕੈਨੇਡਾ ਤੋਂ ਅਤੇ ਇੱਕ ਅਟਲਾਂਟਿਕ ਪ੍ਰਾਂਤਾਂ ਤੋਂ। ਕਿਸੇ ਵੀ ਉੱਚ ਅਦਾਲਤ ਦੇ ਜੱਜ ਜਾਂ ਕਿਸੇ ਪ੍ਰੋਵਿੰਸ ਜਾਂ ਟੈਰੀਟਰੀ ਦੇ ਬਾਰ 'ਤੇ ਘੱਟੋ-ਘੱਟ 10 ਸਾਲ ਦੇ ਤਜ਼ਰਬੇ ਵਾਲੇ ਵਕੀਲ ਨੂੰ ਕੈਨੇਡਾ ਦੀ ਸੁਪਰੀਮ ਕੋਰਟ ਦਾ ਜੱਜ ਨਿਯੁਕਤ ਕੀਤਾ ਜਾ ਸਕਦਾ ਹੈ। ਸੁਪਰੀਮ ਕੋਰਟ ਦੇ ਜੱਜ ਉਦੋਂ ਤੱਕ ਰਹਿੰਦੇ ਹਨ ਜਦੋਂ ਤੱਕ ਉਹ ਸੇਵਾਮੁਕਤ ਜਾਂ 75 ਸਾਲ ਦੀ ਉਮਰ ਤੱਕ ਨਹੀਂ ਪਹੁੰਚ ਜਾਂਦੇ।



ਸੁਪਰੀਮ ਕੋਰਟ ਦੀ ਇਮਾਰਤ ਮਾਂਟਰੀਅਲ ਦੇ ਆਰਕੀਟੈਕਟ ਅਰਨੈਸਟ ਕੋਰਮੀਅਰ ਦੁਆਰਾ ਡਿਜ਼ਾਈਨ ਕੀਤੀ ਗਈ ਸੀ। ਇਸ ਵਿੱਚ ਦੋ ਕਾਂਸੀ ਦੇ ਦਰਵਾਜ਼ੇ ਹਨ ਜੋ ਇੱਕ ਪ੍ਰਭਾਵਸ਼ਾਲੀ ਸ਼ਾਨਦਾਰ ਪ੍ਰਵੇਸ਼ ਹਾਲ ਵੱਲ ਜਾਂਦੇ ਹਨ। ਹਾਲ ਦੇ ਹਰੇਕ ਸਿਰੇ 'ਤੇ ਇੱਕ ਅਦਾਲਤੀ ਕਮਰਾ ਹੈ, ਇੱਕ ਫੈਡਰਲ ਕੋਰਟ ਦੁਆਰਾ ਵਰਤਿਆ ਜਾਂਦਾ ਹੈ ਅਤੇ ਦੂਜਾ ਫੈਡਰਲ ਕੋਰਟ ਆਫ਼ ਅਪੀਲ ਦੁਆਰਾ। ਮੁੱਖ ਕੋਰਟਰੂਮ ਦੀ ਵਰਤੋਂ ਸਿਰਫ ਸੁਪਰੀਮ ਕੋਰਟ ਦੁਆਰਾ ਕੀਤੀ ਜਾਂਦੀ ਹੈ ਅਤੇ ਇਹ ਦੂਜੀ ਮੰਜ਼ਿਲ 'ਤੇ ਇਮਾਰਤ ਦੇ ਕੇਂਦਰ ਵਿੱਚ ਹੈ।

## ਕੀ ਤੁਸੀਂ ਜਾਣਦੇ ਹੋ?

ਜੇਕਰ ਗਵਰਨਰ ਜਨਰਲ ਇੱਕ ਮਹੀਨੇ ਤੋਂ ਵੱਧ ਸਮੇਂ ਲਈ ਆਪਣੇ ਫਰਜ਼ਾਂ ਨੂੰ ਪੂਰਾ ਨਹੀਂ ਕਰ ਸਕਦਾ ਹੈ, ਤਾਂ ਚੀਫ਼ ਜਸਟਿਸ ਕੈਨੇਡਾ ਸਰਕਾਰ ਦਾ ਪ੍ਰਸ਼ਾਸਕ ਬਣ ਜਾਂਦਾ ਹੈ ਅਤੇ ਗਵਰਨਰ ਜਨਰਲ ਦੀਆਂ ਸਾਰੀਆਂ ਸ਼ਕਤੀਆਂ ਅਤੇ ਅਥਾਰਟੀਆਂ ਦੀ ਵਰਤੋਂ ਕਰਦਾ ਹੈ।

- ਕੈਨੇਡਾ ਦੀ ਸੁਪਰੀਮ ਕੋਰਟ ਦੀ ਇਮਾਰਤ ਦੇ ਨੀਂਹ ਪੱਥਰ 'ਤੇ ਗਲਤ ਤਰੀਕ ਉੱਕਰੀ ਹੋਈ ਹੈ। ਮਹਾਰਾਣੀ ਐਲਿਜ਼ਾਬੈਥ ਨੇ 20 ਮਈ, 1939 ਨੂੰ ਆਪਣੇ ਪਤੀ ਕਿੰਗ ਜਾਰਜ VI ਦੇ ਨਾਲ ਨਵੀਂ ਇਮਾਰਤ ਦਾ ਨੀਂਹ ਪੱਥਰ ਰੱਖਿਆ। ਸਮਾਰੋਹ 19 ਮਈ, 1939 ਨੂੰ ਰੱਖਿਆ ਗਿਆ ਸੀ, ਪਰ ਜਦੋਂ ਸ਼ਾਹੀ ਜੋੜੇ ਦੀ ਸਮੁੰਦਰ ਵਿੱਚ ਹੀ ਦੇਰੀ ਹੋ ਗਈ ਤਾਂ ਇਸਨੂੰ ਮੁਲਤਵੀ ਕਰ ਦਿੱਤਾ ਗਿਆ।

# ਕਨੇਡਾ ਦੀ ਸੁਪਰੀਮ ਕੋਰਟ







SCC-CSC.CA

## ਅਦਾਲਤ ਦਾ ਨਿਆਂਇਕ ਕੰਮ

ਕੈਨੇਡਾ ਦੀ ਸੁਪਰੀਮ ਕੋਰਟ ਔਫ਼ ਮੁਲਕ ਦੀ ਸਰਵਉੱਚ ਅਦਾਲਤ ਹੈ। ਇਹ ਜਨਤਕ ਮਹੱਤਤਾ ਵਾਲੇ ਕਾਨੂੰਨੀ ਮੁੱਦਿਆਂ ਦਾ ਫੈਸਲਾ ਕਰਕੇ ਕੈਨੇਡੀਅਨਾਂ ਦੀ ਸੇਵਾ ਕਰਦਾ ਹੈ, ਜੋ ਕੈਨੇਡਾ ਵਿੱਚ ਕਾਨੂੰਨ ਦੀਆਂ ਸਾਰੀਆਂ ਸ਼ਾਖਾਵਾਂ ਦੇ ਵਿਕਾਸ ਵਿੱਚ ਯੋਗਦਾਨ ਪਾਉਂਦੇ ਹਨ। ਅਦਾਲਤ ਦੋਭਾਸ਼ੀ ਹੈ, ਭਾਵ ਇਹ ਅੰਗਰੇਜ਼ੀ ਅਤੇ ਫ੍ਰੈਂਚ ਵਿੱਚ ਕੰਮ ਕਰਦੀ ਹੈ ਅਤੇ ਕੇਸਾਂ ਦਾ ਫੈਸਲਾ ਕਰਦੀ ਹੈ। ਇਹ ਬਾਇ-ਜਿਊਰਲ ਵੀ ਹੈ, ਭਾਵ ਇਹ ਕੈਨੇਡਾ ਦੀਆਂ ਦੋ ਕਾਨੂੰਨੀ ਪਰੰਪਰਾਵਾਂ, ਕੌਮਨ ਲਾਅ ਅਤੇ ਸਿਵਲ ਲਾਅ ਦੇ ਅਧਾਰ ਤੇ ਕੇਸਾਂ ਦਾ ਫੈਸਲਾ ਕਰਦੀ ਹੈ। ਅਦਾਲਤ ਸੰਵਿਧਾਨਕ ਕਾਨੂੰਨ, ਪ੍ਰਸ਼ਾਸਨਿਕ ਕਾਨੂੰਨ, ਫੌਜਦਾਰੀ ਕਾਨੂੰਨ ਅਤੇ ਨਿੱਜੀ ਕਾਨੂੰਨ ਸਮੇਤ ਕਾਨੂੰਨ ਦੇ ਸਾਰੇ ਖੇਤਰਾਂ ਵਿੱਚ ਕੇਸਾਂ ਦੀ ਸੁਣਵਾਈ ਕਰਦੀ ਹੈ।

ਜ਼ਿਆਦਾਤਰ ਮਾਮਲਿਆਂ ਵਿੱਚ, ਉਹ ਧਿਰ ਜੋ ਹੇਠਲੀ ਅਦਾਲਤ ਦੇ ਫੈਸਲੇ ਤੇ ਅਪੀਲ ਕਰਨਾ ਚਾਹੁੰਦੀ ਹੈ, ਨੂੰ ਅਦਾਲਤ ਤੋਂ ਇਜਾਜ਼ਤ ਲੈਣੀ ਚਾਹੀਦੀ ਹੈ, ਜਾਂ ਅਪੀਲ ਕਰਨ ਆਗਿਆ ਲੈਣੀ ਪੈਂਦੀ ਹੈ। ਸੁਪਰੀਮ ਕੋਰਟ ਸਿਰਫ਼ ਉਨ੍ਹਾਂ ਮਾਮਲਿਆਂ ਦੀ ਸੁਣਵਾਈ ਕਰੇਗਾ ਜਿਨ੍ਹਾਂ ਨੂੰ ਜੱਜ ਜਨਤਕ ਮਹੱਤਵ ਦੇ ਮੰਨਦੇ ਹਨ।

ਅਦਾਲਤ ਦੇ ਫੈਸਲੇ ਸਰਬਸੰਮਤੀ ਨਾਲ ਹੋਣ ਇਹ ਜ਼ਰੂਰੀ ਨਹੀਂ ਹੈ। ਜੱਜਾਂ ਦੀ ਬਹੁਗਿਣਤੀ ਫੈਸਲਾ ਕਰ ਸਕਦੀ ਹੈ ਅਤੇ ਘੱਟ ਗਿਣਤੀ ਜੱਜ ਅਸਹਿਮਤੀ ਦੇ ਕਾਰਨ ਦੇਣਗੇ। ਹਰੇਕ ਜੱਜ ਕਿਸੇ ਵੀ ਕੇਸ ਵਿੱਚ ਕਾਰਨ ਲਿਖ ਸਕਦਾ ਹੈ ਜੇਕਰ ਉਹ ਅਜਿਹਾ ਕਰਨਾ ਚਾਹੇ। ਨਿਰਣੇ ਦੋਵੇਂ ਸਰਕਾਰੀ ਭਾਸ਼ਾਵਾਂ ਵਿੱਚ ਇੱਕੋ ਸਮੇਂ ਪ੍ਰਕਾਸ਼ਿਤ ਕੀਤੇ ਜਾਂਦੇ ਹਨ। ਕੁਝ ਮਾਮਲਿਆਂ ਵਿੱਚ, ਅਦਾਲਤ ਸੁਣਵਾਈ ਦੇ ਅੰਤ ਵਿੱਚ ਜ਼ੁਬਾਨੀ ਤੌਰ 'ਤੇ ਆਪਣਾ ਫੈਸਲਾ ਦੇਵੇਗੀ, ਪਰ ਜ਼ਿਆਦਾਤਰ ਮੌਕਿਆਂ ਤੇ ਇਹ ਜੱਜਾਂ ਨੂੰ ਵਿਸਤ੍ਰਿਤ ਕਾਰਨ ਲਿਖਣ ਦੀ ਆਗਿਆ ਦੇਣ ਲਈ ਫੈਸਲਾ ਰਾਖਵਾਂ ਰੱਖਦੀ ਹੈ।










ਸੁਪਰੀਮ ਕੋਰਟ ਵਿੱਚ ਸਾਲ ਵਿੱਚ ਤਿੰਨ ਸੈਸ਼ਨ ਹੁੰਦੇ ਹਨ। ਸੈਸ਼ਨ ਹਰ ਤਿੰਨ ਮਹੀਨੇ ਚੱਲਦੇ ਹਨ ਅਤੇ ਇਹ ਪਤਝੜ, ਸਰਦੀਆਂ ਅਤੇ ਬਸੰਤ ਰੁੱਤ ਵਿੱਚ ਹੁੰਦੇ ਹਨ। ਅਦਾਲਤ ਆਮ ਤੌਰ 'ਤੇ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:30 ਵਜੇ ਸ਼ੁਰੂ ਹੁੰਦੀ ਹੈ ਅਤੇ ਸੁਣਵਾਈ ਜਨਤਾ ਲਈ ਖੁੱਲ੍ਹੀ ਹੁੰਦੀ ਹੈ। ਅਦਾਲਤ ਦਾ ਸੈਸ਼ਨ ਕਦੋਂ ਚੱਲ ਰਿਹਾ ਹੈ ਅਤੇ ਅਦਾਲਤ ਦੇ ਕਮਰੇ ਵਿੱਚ ਸੀਟ ਰਾਖਵੀਂ ਰੱਖਣ ਲਈ ਔਨਲਾਈਨ ਸੁਣਵਾਈ ਦੀ ਸਮਾਂ-ਸਾਰਣੀ ਦੇਖੋ।

## ਕੋਰਟਰੂਮ ਫਲੋਰ ਪਲਾਨ




## ਕੀ ਤੁਸੀਂ ਜਾਣਦੇ ਹੋ?

ਅਦਾਲਤ ਵਿੱਚ, ਜੱਜ ਆਮ ਤੌਰ 'ਤੇ ਕਾਲੇ ਰੇਸ਼ਮੀ ਚੋਲੇ ਪਹਿਨਦੇ ਹਨ। ਉਹਨਾਂ ਕੋਲ ਕੈਨੇਡੀਅਨ ਚਿੱਟੇ ਮਿੰਕ ਦੀ ਝਾਲਰ ਵਾਲੇ ਚਮਕਦਾਰ ਲਾਲ ਰਸਮੀ ਬਸਤਰ ਵੀ ਹਨ, ਜੋ ਉਹ ਵਿਸ਼ੇਸ਼ ਮੌਕਿਆਂ 'ਤੇ ਪਹਿਨਦੇ ਹਨ ਜਿਵੇਂ ਕਿ ਕਿਸੇ ਨਵੇਂ ਜੱਜ ਲਈ ਸਵਾਗਤ ਸਮਾਰੋਹ ਅਤੇ ਸੰਸਦ ਦੇ ਨਵੇਂ ਸੈਸ਼ਨ ਦੀ ਸ਼ੁਰੂਆਤ।

- ਇਮਾਰਤ ਦੇ ਸਾਹਮਣੇ ਦੋ ਝੰਡੇ ਹਨ। ਕੈਨੇਡੀਅਨ ਝੰਡਾ ਹਰ ਰੋਜ਼ ਪੱਛਮ ਵਾਲੇ ਖੰਭੇ 'ਤੇ ਲਹਿਰਾਇਆ ਜਾਂਦਾ ਹੈ। ਸੁਪਰੀਮ ਕੋਰਟ ਦਾ ਝੰਡਾ ਪੂਰਬੀ ਪਾਸੇ 'ਤੇ ਉਦੋਂ ਹੀ ਲਹਿਰਾਇਆ ਜਾਂਦਾ ਹੈ ਜਦੋਂ ਅਦਾਲਤ ਦਾ ਸੈਸ਼ਨ ਚੱਲ ਰਿਹਾ ਹੁੰਦਾ ਹੈ। ਇਹ ਝੰਡਾ ਅਦਾਲਤ ਦੇ ਹੇਰਾਲਡਿਕ ਐਂਬਲਮ ਦੀਆਂ ਵਿਸ਼ੇਸ਼ਤਾਵਾਂ ਦੀ ਵਰਤੋਂ ਕਰਕੇ ਬਣਾਇਆ ਗਿਆ ਸੀ, ਜੋ ਕਿ 2021 ਵਿੱਚ ਦਿੱਤਾ ਗਿਆ ਸੀ।
- ਅੱਗੇ ਦੀਆਂ ਪੌੜੀਆਂ ਦੇ ਦੋਵੇਂ ਪਾਸੇ ਖੜ੍ਹੀਆਂ ਦੋ ਮੂਰਤੀਆਂ ਨੂੰ ਵੇਰੀਟਾਸ (ਸੱਚ) ਅਤੇ ਇਵਸਟੀਟੀਆ (ਨਿਆਂ) ਕਿਹਾ ਜਾਂਦਾ ਹੈ। ਇਹਨਾਂ ਨੂੰ ਮੂਰਤੀਕਾਰ ਵਾਲਟਰ ਐਸ. ਆਲਵਰਡ ਦੁਆਰਾ 1913 ਤੋਂ 1920 ਤੱਕ ਕਿੰਗ ਐਡਵਰਡ VII ਦੇ ਸਮਾਰਕ ਦਾ ਹਿੱਸਾ ਬਣਾਉਣ ਲਈ ਬਣਾਇਆ ਗਿਆ ਸੀ, ਪਰ ਇਹਨਾਂ ਦੀ ਵਰਤੋਂ ਕਦੇ ਨਹੀਂ ਕੀਤੀ ਗਈ ਸੀ। ਇਹ ਮੂਰਤੀਆਂ ਲਗਭਗ 50 ਸਾਲ ਬਾਅਦ ਲੱਭੀਆਂ ਗਈਆਂ ਸਨ ਅਤੇ 1970 ਵਿੱਚ ਮੌਜੂਦਾ ਥਾਂ 'ਤੇ ਸਥਾਪਿਤ ਕੀਤੀਆਂ ਗਈਆਂ ਸਨ।

PUNJABI/PENDJABI
SCC-CSC 2024